# ਭਾਸ਼ਾ ਸਹਾਇਤਾ ਸੇਵਾਵਾਂ

## ਜਿਨ੍ਹਾਂ ਭਾਈਚਾਰਿਆਂ ਦੀ ਅਸੀਂ ਸੇਵਾ ਕਰਦੇ ਹਾਂ, ਉਨ੍ਹਾਂ ਦੇ ਸਮਰਥਨ ਵਿੱਚ, ਅਸੀਂ ਸਾਰਿਆਂ ਲਈ ਪਹੁੰਚਯੋਗ ਭਾਸ਼ਾ ਸਹਾਇਤਾ ਪ੍ਰਦਾਨ ਕਰਾਂਗੇ।

ਅਲਾਮੇਡਾ ਕਾਉਂਟੀ ਸ਼ੈਰਿਫ਼ ਦਾ ਦਫ਼ਤਰ (Alameda County Sheriff's Office, ACSO) ਸੀਮਿਤ ਅੰਗਰੇਜ਼ੀ ਪ੍ਰਵੀਨਤਾ (Limited English Proficient, LEP) ਵਾਲੇ ਵਿਅਕਤੀਆਂ ਸਮੇਤ ਭਾਈਚਾਰੇ ਦੇ ਸਾਰੇ ਲੋਕਾਂ ਦੀ ਬਰਾਬਰ ਸੇਵਾ ਕਰਨ ਲਈ ਵਚਨਬੱਧ ਹੈ। ACSO ਦੀ ਨੀਤੀ ਹੈ ਕਿ ਰਾਸ਼ਟਰੀ ਮੂਲ ਜਾਂ ਮੁੱਖ ਭਾਸ਼ਾ ਦੀ ਪਰਵਾਹ ਕੀਤੇ ਬਿਨਾਂ ਸਾਰੇ ਵਿਅਕਤੀਆਂ ਨਾਲ ਸਹੀ, ਸਮੇਂ ਸਿਰ ਅਤੇ ਪ੍ਰਭਾਵਸ਼ਾਲੀ ਸੰਚਾਰ ਨੂੰ ਯਕੀਨੀ ਬਣਾਉਣ ਲਈ ਹਰ ਉਚਿਤ ਕਦਮ ਚੁੱਕਿਆ ਜਾਵੇ। LEP ਵਿਅਕਤੀਆਂ ਲਈ ਭਾਸ਼ਾ ਸਹਾਇਤਾ ਇੱਕ ਮੁਫ਼ਤ ਸੇਵਾ ਹੈ ਜੋ LEP ਵਿਅਕਤੀਆਂ ਲਈ ACSO ਭਾਸ਼ਾ ਪਹੁੰਚ ਸੇਵਾਵਾਂ ਦਾ ਹਿੱਸਾ ਹੈ (ACSO ਭਾਸ਼ਾ ਪਹੁੰਚ ਯੋਜਨਾ ਨੂੰ ਪੜ੍ਹਨ ਲਈ ਇੱਥੇ ਕਲਿੱਕ ਕਰੋ)।

**ਭਾਸ਼ਾ ਸੇਵਾਵਾਂ ਕੌਣ ਪ੍ਰਾਪਤ ਕਰ ਸਕਦਾ ਹੈ?**

ਭਾਸ਼ਾ ਸੇਵਾਵਾਂ ਕਿਸੇ ਵੀ ਵਿਅਕਤੀ ਨੂੰ ਮੁਫ਼ਤ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਜੋ ਸੀਮਿਤ ਅੰਗਰੇਜ਼ੀ ਪ੍ਰਵੀਨਤਾ (Limited English Proficient, LEP) ਵਾਲਾ ਵਿਅਕਤੀ ਹੈ। ਇਸਦਾ ਮਤਲਬ ਹੈ ਕਿ ਅੰਗਰੇਜ਼ੀ ਤੁਹਾਡੀ ਮੁੱਖ ਭਾਸ਼ਾ ਨਹੀਂ ਹੈ, ਅਤੇ ਤੁਹਾਨੂੰ ਅੰਗਰੇਜ਼ੀ ਪੜ੍ਹਨ, ਬੋਲਣ ਜਾਂ ਸਮਝਣ ਵਿੱਚ ਮੁਸ਼ਕਲਾਂ ਹੋ ਸਕਦੀਆਂ ਹਨ।

**ਮੈਨੂੰ ਕੁਝ ਅੰਗਰੇਜ਼ੀ ਆਉਂਦੀ ਹੈ। ਕੀ ਮੈਨੂੰ ਸੱਚਮੁੱਚ ਦੁਭਾਸ਼ੀਏ ਦੀ ਲੋੜ ਹੈ?**

ਤੁਸੀਂ ਕੁਝ ਅੰਗਰੇਜ਼ੀ ਸਮਝ ਜਾਂ ਬੋਲ ਸਕਦੇ ਹੋ, ਪਰ ਫਿਰ ਵੀ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੋ ਸਕਦੀ ਹੈ। ਦੁਭਾਸ਼ੀਏ ਹੇਠਾਂ ਦੱਸੀਆਂ ਚੀਜ਼ਾਂ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ:

- ਗਲਤਫਹਿਮੀਆਂ ਨੂੰ ਰੋਕਣ ਵਿੱਚ।
- ਸਹੀ ਜਾਣਕਾਰੀ ਦੇਣ ਵਿੱਚ।
- ਤੁਹਾਡੇ ਕਾਨੂੰਨੀ ਅਧਿਕਾਰਾਂ ਨੂੰ ਸਮਝਣ ਵਿੱਚ।
- ਪੀੜਤ ਸੇਵਾਵਾਂ ਅਤੇ ਅਨੁਵਾਦ ਕੀਤੇ ਫਾਰਮਾਂ ਵਰਗੀਆਂ ਸੇਵਾਵਾਂ ਦੀ ਬੇਨਤੀ ਕਰਨ ਵਿੱਚ।

**ਭਾਸ਼ਾ ਸਹਾਇਤਾ ਸੇਵਾਵਾਂ ਕਿਵੇਂ ਪ੍ਰਾਪਤ ਕਰੀਏ**

ਜੇ ਤੁਸੀਂ ਥੋੜੀ ਅੰਗਰੇਜ਼ੀ ਬੋਲ ਸਕਦੇ ਹੋ ਜਾਂ ਅੰਗਰੇਜ਼ੀ ਨਹੀਂ ਬੋਲਦੇ:

1. ਏਜੰਸੀ ਮੈਂਬਰ (ਡਿਪਟੀ, ਡਿਸਪੈਚਰ) ਨੂੰ ਦੱਸੋ ਕਿ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ। ਕਹੋ, "ਮੈਨੂੰ ਦੁਭਾਸ਼ੀਏ ਦੀ ਲੋੜ ਹੈ, ਅਤੇ ਮੈਂ [ਭਾਸ਼ਾ ਜਾਂ ਬੋਲੀ] ਬੋਲਦਾ/ਦੀ ਹਾਂ।"
2. ਏਜੰਸੀ ਮੈਂਬਰ ਤੁਹਾਨੂੰ ਭਾਸ਼ਾਵਾਂ ਦੀ ਸੂਚੀ ਵਾਲੇ "ਮੈਂ ਬੋਲਦਾ ਹਾਂ" ਕਾਰਡ ਦੀ ਵਰਤੋਂ ਕਰਕੇ ਤੁਹਾਡੀ ਭਾਸ਼ਾ ਦੀ ਪਛਾਣ ਕਰਨ ਲਈ ਕਹਿ ਸਕਦਾ ਹੈ।
3. "ਮੈਂ ਬੋਲਦਾ ਹਾਂ" ਕਾਰਡ 'ਤੇ ਆਪਣੀ ਭਾਸ਼ਾ ਲੱਭੋ ਅਤੇ ਇਸਨੂੰ ਏਜੰਸੀ ਮੈਂਬਰ ਨੂੰ ਦਿਖਾਓ।
4. ਫਿਰ ਏਜੰਸੀ ਮੈਂਬਰ ਯੋਗ ਦੋ-ਭਾਸ਼ੀ ਏਜੰਸੀ ਮੈਂਬਰ ਨੂੰ ਬੁਲਾਏਗਾ ਜਾਂ ਸਹਾਇਤਾ ਲਈ ਟੈਲੀਫ਼ੋਨ ਦੁਭਾਸ਼ੀਏ ਨਾਲ ਗੱਲ ਕਰਵਾਏਗਾ।

**ਕੀ ਮੇਰਾ ਬੱਚਾ/ਪਰਿਵਾਰਕ ਮੈਂਬਰ, ਜਾਂ ਕੋਈ ਆਸ-ਪਾਸ ਦਾ ਵਿਅਕਤੀ ਮੇਰੇ ਲਈ ਦੁਭਾਸ਼ੀਏ ਦਾ ਕੰਮ ਕਰ ਸਕਦਾ ਹੈ?**

ACSO ਡਿਪਟੀ ਐਮਰਜੈਂਸੀ ਤੋਂ ਬਿਨਾਂ ਪਰਿਵਾਰਕ ਮੈਂਬਰਾਂ, ਬੱਚਿਆਂ ਸਮੇਤ, ਜਾਂ ਆਸ-ਪਾਸ ਦੇ ਵਿਅਕਤੀਆਂ ਨੂੰ ਦੁਭਾਸ਼ੀਏ ਵਜੋਂ ਨਹੀਂ ਵਰਤਣਗੇ। ਐਮਰਜੈਂਸੀ ਵਿੱਚ ਜੀਵਨ, ਸੁਰੱਖਿਆ, ਜਾਂ ਸੰਪਤੀ ਨੂੰ ਖ਼ਤਰਾ ਸ਼ਾਮਲ ਹੈ।

**ACSO ਕਿਸ ਤਰ੍ਹਾਂ ਦੀਆਂ ਭਾਸ਼ਾ ਸੇਵਾਵਾਂ ਪ੍ਰਦਾਨ ਕਰਦਾ ਹੈ?**

- ਪ੍ਰਮਾਣਿਤ ਦੋ-ਭਾਸ਼ੀ ਅਧਿਕਾਰੀ
- ਹੋਰ ਭਾਸ਼ਾਵਾਂ ਲਈ ਟੈਲੀਫ਼ੋਨ ਦੁਭਾਸ਼ੀਆ ਸਿਸਟਮ ਰਾਹੀਂ ਦੁਭਾਸ਼ੀਆਂ ਤੱਕ ਪਹੁੰਚ, ਜਿਸ ਵਿੱਚ ਸਪੈਨਿਸ਼, ਕੈਂਟੋਨੀਜ਼, ਮੈਂਡਰਿਨ, ਅਰਬੀ, ਹਿੰਦੀ, ਪੰਜਾਬੀ, ਤਗਾਲੋਗ/ਫਿਲੀਪੀਨੋ, ਵੀਅਤਨਾਮੀ, ਅਤੇ ਹੋਰ ਸ਼ਾਮਲ ਹਨ।
- ਤੁਹਾਡੇ ਅਧਿਕਾਰ ਤੁਹਾਨੂੰ ਤੁਹਾਡੀ ਮੁੱਖ ਭਾਸ਼ਾ ਵਿੱਚ ਯੋਗ ਦੋ-ਭਾਸ਼ੀ ਏਜੰਸੀ ਮੈਂਬਰ ਜਾਂ ਟੈਲੀਫ਼ੋਨ ਦੁਭਾਸ਼ੀਏ ਦੁਆਰਾ ਪੜ੍ਹ ਕੇ ਸੁਣਾਏ ਜਾਣਗੇ।
- ਇੰਟਰਵਿਊ ਯੋਗ ਦੋ-ਭਾਸ਼ੀ ਏਜੰਸੀ ਮੈਂਬਰ ਜਾਂ ਟੈਲੀਫ਼ੋਨ ਦੁਭਾਸ਼ੀਏ ਦੁਆਰਾ ਤੁਹਾਡੀ ਮੁੱਖ ਭਾਸ਼ਾ ਵਿੱਚ ਕੀਤੀ ਜਾਵੇਗੀ।
- ਲਿਖਤੀ ਫਾਰਮ ਯੋਗ ਏਜੰਸੀ ਮੈਂਬਰ ਜਾਂ ਟੈਲੀਫ਼ੋਨ ਦੁਭਾਸ਼ੀਏ ਦੁਆਰਾ ਤੁਹਾਡੀ ਮੁੱਖ ਭਾਸ਼ਾ ਵਿੱਚ ਪ੍ਰਦਾਨ ਕੀਤੇ ਜਾਂ ਪੜ੍ਹ ਕੇ ਸੁਣਾਏ ਜਾਣਗੇ।

**ਭਾਸ਼ਾ ਸਹਾਇਤਾ ਖਾਸ ਤੌਰ 'ਤੇ ਮਹੱਤਵਪੂਰਨ ਹੈ ਜਦੋਂ:**

- ਤੁਸੀਂ ਡਿਪਟੀਆਂ ਦੁਆਰਾ ਇੰਟਰਵਿਊ ਕੀਤੇ ਜਾ ਰਹੇ ਹੋ

- ਤੁਸੀਂ ਆਪਣੇ ਅਧਿਕਾਰਾਂ ਨੂੰ ਪੜ੍ਹ ਰਹੇ ਹੋਵੋ
- ਤੁਹਾਨੂੰ ਭਰਨ ਲਈ ਫਾਰਮ ਦਿੱਤੇ ਜਾਣ
- ਤੁਹਾਡੇ ਕੋਲੋਂ ਰਸਮੀ ਤੌਰ 'ਤੇ ਪੁੱਛ-ਗਿੱਛ ਕੀਤੀ ਜਾ ਰਹੀ ਹੋਵੇ

**ਕੀ ਜੇ ਮੈਂ ਦੁਭਾਸ਼ੀਏ ਲਈ ਬੇਨਤੀ ਕਰਾਂ ਤਾਂ ਮੈਂ ਕੋਈ ਅਸੁਵਿਧਾ ਜਾਂ ਸਮੱਸਿਆਵਾਂ ਪੈਦਾ ਕਰ ਰਿਹਾ/ਰਹੀ ਹੋਵਾਂਗਾ/ਗੀ?**

ਹਰ ਕਿਸੇ ਨੂੰ ACSO ਨਾਲ ਪ੍ਰਭਾਵਸ਼ਾਲੀ ਅਤੇ ਸਹੀ ਸੰਚਾਰ ਕਰਨ ਦਾ ਅਧਿਕਾਰ ਹੈ। ਅਸੀਂ ਮਦਦ ਕਰਨਾ ਚਾਹੁੰਦੇ ਹਾਂ।

**ACSO ਭਾਸ਼ਾ ਪਹੁੰਚ ਨੀਤੀ ਅਤੇ ਯੋਜਨਾ ਸਾਡੀ ਸੇਵਾ ਵਾਲੀ ਜਨਤਾ ਨਾਲ ਸਾਡੇ ਸੰਚਾਰ ਵਿੱਚ ਭਾਸ਼ਾ ਪਹੁੰਚਯੋਗਤਾ ਨੂੰ ਯਕੀਨੀ ਬਣਾਏਗੀ।**

ਜਦੋਂ ACSO ਕੋਈ ਸਮਾਗਮ ਕਰਵਾ ਰਿਹਾ ਹੋਵੇ, ਅਸੀਂ ਭਾਈਚਾਰੇ ਨਾਲ ਮਿਲ ਕੇ ਇਹ ਨਿਰਧਾਰਿਤ ਕਰਾਂਗੇ ਕਿ ਕਿਹੜੀਆਂ ਦੁਭਾਸ਼ੀਆ ਸੇਵਾਵਾਂ ਦੀ ਲੋੜ ਹੈ ਅਤੇ ਅਜਿਹੀਆਂ ਸੇਵਾਵਾਂ ਉਚਿਤ ਤੌਰ 'ਤੇ ਸੰਭਵ ਹੱਦ ਤੱਕ, ਬਿਨਾਂ ਕਿਸੇ ਕੀਮਤ ਦੇ ਪ੍ਰਦਾਨ ਕੀਤੀਆਂ ਜਾਣਗੀਆਂ।

**ਸਵਾਲ/ਟਿੱਪਣੀਆਂ/ਚਿੰਤਾਵਾਂ:**

ACSO Language Access Coordinator (ACSO ਭਾਸ਼ਾ ਪਹੁੰਚ ਕੋਆਰਡੀਨੇਟਰ)
Community Oriented Response and Engagement Unit (ਕਮਿਊਨਿਟੀ ਓਰੀਐਂਟਡ ਰਿਸਪਾਂਸ ਐਂਡ ਐਨਗੇਜਮੈਂਟ ਯੂਨਿਟ)
15001 Foothill Boulevard, San Leandro, CA 94578 (15001 ਫੁੱਟਹਿਲ ਬੁਲੇਵਾਰਡ, ਸੈਨ ਲੀਐਂਡਰੋ, ਕੈਲੀਫੋਰਨੀਆ 94578)
+1 (510) 667-3611
acsolanguageservices@acgov.org

**ਐਮਰਜੈਂਸੀ ਲਈ: 9-1-1**